

# ਨੰਨ੍ਹੇ ਮਦਦਗਾਰ

ਪ੍ਰੀ-ਪ੍ਰਾਇਮਰੀ-2 ਲਈ

ਸਕੂਲ ਸਿੱਖਿਆ ਵਿਭਾਗ, ਪੰਜਾਬ

# ਨੰਨ੍ਹੇ ਮਦਦਗਾਰ



ਲੇਖਕ: ਚੇਰਿਲ ਰਾਓ
ਪੰਜਾਬੀ ਅਨੁਵਾਦ: ਪਵਨਦੀਪ ਕੌਰ
ਚਿੱਤਰਕਾਰ: ਤਾਨਵੀ ਭੱਟ, ਪਵਨਦੀਪ ਕੌਰ



ਛੁੱਟੀਆਂ ਹੋ ਗਈਆਂ।

ਸੁਮਨ ਅਤੇ ਟਿੰਕੂ ਬਾਗ਼ ਵਿੱਚ ਖੇਡ ਰਹੇ ਸਨ।

ਸਭ ਪਾਸੇ ਰੰਗ ਦੇ ਡੱਬੇ ਪਏ ਸਨ।





ਉੱਥੇ ਲਾਲ, ਹਰਾ, ਨੀਲਾ ਅਤੇ ਪੀਲ਼ਾ ਰੰਗ ਸੀ।



ਰੰਗ ਕਰਨ ਵਾਲ਼ੇ ਕੰਮ ਕਰਨ ਵਿੱਚ ਰੁੱਝੇ ਹੋਏ ਸਨ। ਇੱਕ ਰੰਗ ਕਰਨ ਵਾਲ਼ਾ ਪੌੜੀ ’ਤੇ ਚੜ੍ਹਿਆ ਹੋਇਆ ਸੀ। ਇੱਕ ਛੱਤ ਨਾਲ ਲੱਗੇ ਝੂਲੇ ’ਤੇ ਬੈਠ ਕੇ ਰੰਗ ਕਰ ਰਿਹਾ ਸੀ।

“ਕੀ ਅਸੀਂ ਮਦਦ ਕਰ ਸਕਦੇ ਹਾਂ ?”, ਸੁਮਨ ਅਤੇ ਟਿੰਕੂ ਨੇ ਪੁੱਛਿਆ।



ਇੱਕ ਰੰਗ ਕਰਨ ਵਾਲ਼ੇ ਨੇ ਦੋਵੇਂ ਬੱਚਿਆਂ ਨੂੰ ਇੱਕ-ਇੱਕ ਬੁਰਸ਼ ਦਿੱਤਾ। ਉਸ ਨੇ ਸੁਮਨ ਨੂੰ ਗੇਟ ਦਾ ਅੰਦਰਲਾ ਪਾਸਾ ਰੰਗ ਕਰਨ ਲਈ ਕਿਹਾ। ਅਤੇ ਦੂਜਾ ਪਾਸਾ ਟਿੰਕੂ ਨੂੰ ਰੰਗ ਕਰਨ ਲਈ ਕਿਹਾ।



ਦੋਵਾਂ ਨੇ ਰੰਗ ਦੇ ਡੱਬੇ ਚੁੱਕੇ ਅਤੇ ਕੰਮ ਸ਼ੁਰੂ ਕਰ ਦਿੱਤਾ।
ਸੁਮਨ ਨੇ ਦਰਵਾਜ਼ੇ ਦਾ ਇੱਕ ਪਾਸਾ ਅਤੇ ਟਿੰਕੂ
ਨੇ ਦੂਜਾ ਪਾਸਾ ਰੰਗਿਆ।

ਰੰਗ ਦੇ ਛਿੱਟੇ ਇੱਧਰ-ਉੱਧਰ ਫੈਲ ਗਏ।



ਆਖ਼ਰ ਉਨ੍ਹਾਂ ਨੇ ਕੰਮ ਖ਼ਤਮ ਕਰ ਦਿੱਤਾ। ਡਿੱਗੇ ਹੋਏ ਰੰਗ ਨੂੰ ਸਾਫ਼ ਕਰ ਕੀਤਾ।



ਮੰਮੀ ਨੇ ਉਨ੍ਹਾਂ ਨੂੰ ਆਪਣੇ ਹੱਥ-ਪੈਰ
ਤੋਂ ਰੰਗ ਸਾਫ਼ ਕਰਨ ਲਈ ਕਿਹਾ।




ਸੁਮਨ ਕਹਿਣ ਲੱਗੀ,
"ਮੈਨੂੰ ਆਪਣਾ ਲਾਲ ਗੇਟ ਬਹੁਤ ਪਸੰਦ ਹੈ।"



ਟਿੰਕੂ ਬੋਲਿਆ,
"ਮੈਨੂੰ ਤਾਂ ਆਪਣਾ ਹਰਾ ਗੇਟ ਵਧੀਆ ਲੱਗ ਰਿਹਾ ਹੈ।"



"ਵਾਹ! ਤੁਸੀਂ ਤਾਂ ਗੇਟ ਨੂੰ ਦੋ ਰੰਗਾਂ ਦਾ ਬਣਾ ਦਿੱਤਾ।
ਇਸ ਨੂੰ ਇਸੇ ਤਰ੍ਹਾਂ ਰੱਖਦੇ ਹਾਂ।" ਮੰਮੀ ਨੇ ਕਿਹਾ।



ਸੁਮਨ ਅਤੇ ਟਿੰਕੂ ਨੇ ਰੰਗ ਕਰਨ ਵਾਲਿਆਂ ਦੀ ਮਦਦ ਕੀਤੀ
ਅਤੇ ਗੇਟ ਨੂੰ ਆਪਣੇ ਪਸੰਦ ਦੇ ਰੰਗ ਕੀਤੇ....

PRATHAM BOOKS

A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM BOOKS storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-੮, ਐਸ.ਏ.ਐਸ ਨਗਰ, ਮੁਹਾਲੀ